**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**
**ਵਣ ਕੰਪਲੈਕਸ, ਸੈਕਟਰ-68, ਐੱਸ.ਏ.ਐੱਸ. ਨਗਰ**

# ਜਨਤਕ ਨੋਟਿਸ

1.0 ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ . 02 ਆਫ 2026 ਰਾਹੀਂ ਕਲਰਕ ਗਰੁੱਪ-ਸੀ ਦੀਆਂ 531 ਆਸਾਮੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ।

2.0 ਉਕਤ ਆਸਾਮੀਆਂ ਲਈ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ 07.09.2026 ਸੀ। ਉਮੀਦਵਾਰਾਂ ਦੀ ਸੁਵਿਧਾ ਲਈ ਆਨਲਾਈਨ ਐਪਲੀਕੇਸ਼ਨ ਵਿੱਚ ਸੋਧ ਕਰਨ ਲਈ Correction Portal ਨੂੰ 14.09.2026 ਤੋਂ ਮਿਤੀ 16.09.2026 ਸ਼ਾਮ 05.00 ਵਜੇ ਤੱਕ ਖੋਲਿਆ ਜਾ ਰਿਹਾ ਹੈ। ਜੇਕਰ ਕਿਸੇ ਉਮੀਦਵਾਰ ਦੇ ਆਨਲਾਈਨ ਐਪਲੀਕੇਸ਼ਨ ਫਾਰਮ ਵਿੱਚ ਫੋਟੋ ਜਾਂ ਹਸਤਾਖਰ ਗਲਤ upload ਹੋ ਗਏ ਹਨ ਅਤੇ ਜਾਂ ਕੋਈ ਉਮੀਦਵਾਰ ਆਪਣੇ **ਨਾਮ, ਪਿਤਾ ਦਾ ਨਾਮ, ਲਿੰਗ ਜਾਂ ਕੈਟਾਗਰੀ** ਵਿੱਚ ਸੋਧ ਕਰਨਾ ਚਾਹੁੰਦਾ ਹੈ ਤਾਂ ਉਹ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਮਿਤੀ 14.09.2026 ਤੋਂ ਮਿਤੀ 16.09.2026 ਸ਼ਾਮ 05.00 ਵਜੇ ਤੱਕ ਸੋਧ ਕਰ ਸਕਦਾ ਹੈ।

3. ਜੇਕਰ ਕਿਸੇ ਉਮੀਦਵਾਰ ਦੇ **ਕੈਟਾਗਰੀ ਵਿੱਚ ਸੋਧ** ਕਰਨ ਤੇ ਪ੍ਰੀਖਿਆ ਫੀਸ ਦੀ ਰਕਮ ਵਿੱਚ ਵਾਧਾ ਹੁੰਦਾ ਹੈ ਤਾਂ ਉਹ ਉਮੀਦਵਾਰ ਇਸ ਫੀਸ ਦੇ ਅੰਤਰ ਦੀ ਰਕਮ ਨੂੰ online ਹੀ ਅਦਾ ਕਰਨਗੇ।

4. ਜਿਹੜੇ ਉਮੀਦਵਾਰ ਆਪਣੇ ਐਪਲੀਕੇਸ਼ਨ ਫਾਰਮ ਵਿੱਚ ਸੋਧ ਕਰਨਗੇ ਉਨ੍ਹਾਂ ਦਾ ਸੋਧਿਆ ਹੋਇਆ ਫਾਰਮ ( last submitted form between 14.09.2026 to 16.09.2026) ਹੀ ਅੰਤਿਮ ਮੰਨਿਆ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਸੋਧ ਨੂੰ ਧਿਆਨਪੂਰਵਕ ਕੀਤਾ ਜਾਵੇ।

-ਸਹੀ-

ਸਹਾਇਕ ਡਾਇਰੈਕਟਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਐਸ.ਏ.ਐਸ. ਨਗਰ
ਮਿਤੀ :11.09.2026